

# ਨਵੇਂ ਆਏ ਲੋਕ

ਆਪਣੇ ਟੈਕਸਾਂ ਦੇ ਕਾਗਜ਼ਾਤ ਭਰਨ ਨਾਲ ਤੁਹਾਨੂੰ ਫਾਇਦਾ ਹੋ ਸਕਦਾ ਹੈ!

## ਬੈਨਿਫਿਟ ਅਤੇ ਕ੍ਰੈਡਿਟ ਭੁਗਤਾਨ

| | |
|---|---|
| **Canada child benefit** | • 6 ਸਾਲ ਤੋਂ ਘੱਟ ਉਮਰ ਦੇ ਹਰੇਕ ਬੱਚੇ ਲਈ **$6,496** ਤੱਕ ਪ੍ਰਤੀ ਸਾਲ<br>• 6 ਤੋਂ 17 ਸਾਲ ਦੀ ਉਮਰ ਦੇ ਹਰੇਕ ਬੱਚੇ ਲਈ **$5,481** ਤੱਕ ਪ੍ਰਤੀ ਸਾਲ<br>• + ਕੋਈ ਵੀ ਸੰਬੰਧਿਤ ਸੂਬਾਈ/ਖੇਤਰੀ ਭੁਗਤਾਨ ਜਿਨ੍ਹਾਂ ਦੇ ਤੁਸੀਂ ਯੋਗ ਹੋ ਸਕਦੇ ਹੋ |
| **GST/HST credit** | • **$568** ਤੱਕ ਪ੍ਰਤੀ ਸਾਲ<br>• + 19 ਸਾਲ ਤੋਂ ਘੱਟ ਉਮਰ ਦੇ ਹਰੇਕ ਬੱਚੇ ਲਈ **$149** ਪ੍ਰਤੀ ਸਾਲ<br>• + ਕੋਈ ਵੀ ਸੰਬੰਧਿਤ ਸੂਬਾਈ ਭੁਗਤਾਨ ਜਿਨ੍ਹਾਂ ਦੇ ਤੁਸੀਂ ਯੋਗ ਹੋ ਸਕਦੇ ਹੋ |

## ਤੁਹਾਨੂੰ ਆਪਣੇ ਭੁਗਤਾਨ ਕਿਵੇਂ ਮਿਲਦੇ ਹਨ?

ਜਿਵੇਂ ਹੀ ਤੁਹਾਨੂੰ ਸਰਵਿਸ ਕੈਨੇਡਾ ਤੋਂ ਆਪਣਾ ਸੋਸ਼ਲ ਇਨਸ਼ੋਰੈਂਸ ਨੰਬਰ ਮਿਲਦਾ ਹੈ ਬੈਨਿਫਿਟਸ ਅਤੇ ਕ੍ਰੈਡਿਟਸ ਲਈ ਦਰਖਾਸਤ ਦਿਓ। ਫਿਰ, ਹੇਠਾਂ ਦਿੱਤੇ ਫਾਰਮ ਭਰੋ ਅਤੇ ਉਹਨਾਂ ਨੂੰ **ਸਾਰੇ** ਲੋੜੀਂਦੇ ਦਸਤਾਵੇਜ਼ਾਂ ਦੇ ਨਾਲ ਕੈਨੇਡਾ ਰੈਵੇਨਿਊ ਏਜੰਸੀ (CRA) ਦੇ ਕੋਲ ਭੇਜ ਦਿਓ:

- ਫਾਰਮ RC66, Canada Child Benefits Application
- ਫਾਰਮ RC66SCH, Status in Canada / Statement of Income
- ਫਾਰਮ RC151, GST/HST Credit Application for Individuals Who Become Residents of Canada

## ਤੁਹਾਨੂੰ ਆਪਣੇ ਭੁਗਤਾਨ ਮਿਲਣੇ ਕਿਵੇਂ ਜਾਰੀ ਰਹਿੰਦੇ ਹਨ?

ਇਹ ਪਤਾ ਕਰਨ ਲਈ ਕਿ ਤੁਸੀਂ ਬੈਨਿਫਿਟ ਅਤੇ ਕ੍ਰੈਡਿਟ ਦੇ ਯੋਗ ਹੋ ਤੁਹਾਨੂੰ ਸਿਰਫ ਇੱਕ ਵਾਰ ਦਰਖਾਸਤ ਦੇਣ ਦੀ ਲੋੜ ਹੈ। ਫਿਰ ਕੈਨੇਡਾ ਦੇ ਨਿਵਾਸੀ ਵਜੋਂ, ਆਪਣੇ ਭੁਗਤਾਨ ਪ੍ਰਾਪਤ ਕਰਨਾ ਜਾਰੀ ਰੱਖਣ ਲਈ, ਤੁਹਾਨੂੰ **ਹਰ ਸਾਲ ਆਪਣੇ ਟੈਕਸਾਂ ਦੇ ਕਾਗਜ਼ਾਤ ਭਰਨ** ਦੀ ਲੋੜ ਹੁੰਦੀ ਹੈ, ਭਾਵੇਂ ਤੁਹਾਡੀ ਕੋਈ ਆਮਦਨੀ ਨਹੀਂ ਹੈ। ਸੀਆਰਏ ਤੁਹਾਡੇ ਭੁਗਤਾਨ ਦੀਆ ਰਕਮਾਂ ਦਾ ਹਿਸਾਬ ਲਗਾਉਣ ਲਈ ਤੁਹਾਡੇ ਇਨਕਮ ਟੈਕਸ ਅਤੇ ਬੈਨਿਫਿਟ ਰਿਟਰਨ ਦੀ ਜਾਣਕਾਰੀ ਨੂੰ ਵਰਤਦਾ ਹੈ। ਜੇ ਤੁਹਾਡਾ ਪਤੀ/ਪਤਨੀ ਜਾਂ ਕਾਮਨ-ਲਾਅ ਪਾਰਟਨਰ ਹੈ, ਤਾਂ ਉਹਨਾਂ ਨੂੰ ਵੀ ਹਰ ਸਾਲ ਆਪਣੇ ਟੈਕਸਾਂ ਦੇ ਕਾਗਜ਼ਾਤ ਭਰਨੇ ਪੈਣਗੇ।

## ਮਦਦ ਚਾਹੀਦੀ ਹੈ?

### ਕਮਿਊਨਿਟੀ ਵਾਲੰਟੀਅਰ ਇਨਕਮ ਟੈਕਸ ਪ੍ਰੋਗਰਾਮ

ਇਹ ਇੱਕ ਮੁਫ਼ਤ ਪ੍ਰੋਗਰਾਮ ਹੈ ਜਿੱਥੇ ਵਾਲੰਟੀਅਰ ਤੁਹਾਡੇ ਲਈ ਤੁਹਾਡੇ ਟੈਕਸਾਂ ਦੇ ਕਾਗਜ਼ਾਤ ਭਰ ਸਕਦੇ ਹਨ, ਜੇਕਰ ਤੁਹਾਡੀ ਆਮਦਨ ਜ਼ਿਆਦਾ ਨਹੀਂ ਹੈ ਅਤੇ ਟੈਕਸ ਸੰਬੰਧੀ ਸਥਿਤੀ ਸਰਲ ਹੈ। ਆਪਣੇ ਨੇੜੇ ਕੋਈ ਵਾਲੰਟੀਅਰ ਲੱਭਣ ਲਈ, **canada.ca/taxes-help** 'ਤੇ ਜਾਓ।

### ਕਿਸੇ ਪ੍ਰਤਿਨਿਧੀ ਨੂੰ ਅਧਿਕਾਰ ਦਿਓ

ਤੁਸੀਂ ਕਿਸੇ ਹੋਰ ਵਿਅਕਤੀ (ਜਿਵੇਂ ਕਿ ਪਰਿਵਾਰ ਦਾ ਸਦੱਸ, ਦੋਸਤ, ਜਾਂ ਅਕਾਊਂਟੈਂਟ) ਨੂੰ ਤੁਹਾਡੇ ਵੱਲੋਂ CRA ਨਾਲ ਨਿਪਟਣ ਦੀ ਇਜਾਜ਼ਤ ਦੇ ਸਕਦੇ ਹੋ। ਤੁਸੀਂ My Account (ਮੇਰਾ ਖਾਤਾ) ਦੇ ਰਾਹੀਂ ਪ੍ਰਤਿਨਿਧੀ ਜੋੜ ਸਕਦੇ ਹੋ ਜਾਂ ਹਟਾ ਸਕਦੇ ਹੋ ਜਾਂ ਤੁਸੀਂ Form T1013, Authorizing or Cancelling a Representative, ਭਰ ਕੇ ਸੀਆਰਏ ਨੂੰ ਭੇਜ ਸਕਦੇ ਹੋ।

## ਡਾਇਰੈਕਟ ਡਿਪੌਜ਼ਿਟ ਲਈ ਸਾਈਨ-ਅਪ ਕਰੋ

ਡਾਇਰੈਕਟ ਡਿਪੌਜ਼ਿਟ ਨਾਲ, ਤੁਸੀਂ ਆਪਣਾ ਟੈਕਸ ਰਿਫੰਡ ਅਤੇ ਬੈਨਿਫਿਟ ਭੁਗਤਾਨਾਂ ਨੂੰ ਸਿੱਧਾ ਆਪਣੇ ਬੈਂਕ ਖਾਤੇ ਵਿੱਚ ਜਮ੍ਹਾਂ ਕਰਵਾ ਸਕਦੇ ਹੋ। ਤੁਹਾਨੂੰ ਡਾਕ ਰਾਹੀਂ ਚੈੱਕ ਨਹੀਂ ਮਿਲੇਗਾ। ਸਾਈਨ-ਅਪ ਕਰਨ ਲਈ, **canada.ca/cra-direct-deposit** 'ਤੇ ਜਾਓ।

## My Account (ਮੇਰਾ ਖਾਤਾ) ਲਈ ਰਜਿਸਟਰ ਕਰੋ

CRA ਦੁਆਰਾ ਤੁਹਾਡੇ ਪਹਿਲੇ ਰਿਟਰਨ ਦਾ ਮੁਲਾਂਕਣ ਕਰਨ ਤੋਂ ਬਾਅਦ, ਤੁਸੀਂ ਆਪਣੇ ਟੈਕਸ ਅਤੇ ਬੈਨਿਫਿਟ ਦੇ ਮਾਮਲਿਆਂ ਦਾ ਔਨਲਾਈਨ ਪ੍ਰਬੰਧਨ ਕਰਨ ਲਈ My Account (ਮੇਰਾ ਖਾਤਾ) ਲਈ ਰਜਿਸਟਰ ਕਰ ਸਕਦੇ ਹੋ। ਤੁਸੀਂ ਆਪਣੇ ਰਿਫੰਡ ਨੂੰ ਟ੍ਰੈਕ ਕਰ ਸਕਦੇ ਹੋ, ਆਪਣੇ ਬੈਨਿਫਿਟ ਅਤੇ ਕ੍ਰੈਡਿਟ ਭੁਗਤਾਨਾਂ ਅਤੇ ਮਿਤੀਆਂ ਦੀ ਜਾਂਚ ਕਰ ਸਕਦੇ ਹੋ, ਅਤੇ ਹੋਰ ਬਹੁਤ ਕੁਝ! ਰਜਿਟਰ ਕਰਨ ਲਈ, **canada.ca/my-cra-account** 'ਤੇ ਜਾਓ।

## ਦੇਰੀਆਂ ਅਤੇ ਗਲਤ ਭੁਗਤਾਨਾਂ ਤੋਂ ਬਚੋ

ਤੁਹਾਡੀ ਨਿੱਜੀ ਜਾਣਕਾਰੀ ਵਿੱਚ ਤਬਦੀਲੀਆਂ ਜਿਵੇਂ ਕਿ ਵਿਵਾਹਿਕ ਸਥਿਤੀ, ਤੁਹਾਡੀ ਦੇਖਭਾਲ ਅਧੀਨ ਬੱਚਿਆਂ ਦੀ ਸੰਖਿਆ, ਅਤੇ ਤੁਹਾਡੇ ਪਤੇ ਦਾ ਸਿੱਧਾ ਤੁਹਾਡੇ ਬੈਨਿਫਿਟ ਭੁਗਤਾਨਾਂ 'ਤੇ ਅਸਰ ਪੈਂਦਾ ਹੈ। ਦੇਰੀਆਂ ਅਤੇ ਗਲਤ ਭੁਗਤਾਨਾਂ ਤੋਂ ਬਚਣ ਲਈ, My Account (ਮੇਰਾ ਖਾਤਾ) ਵਿੱਚ ਆਪਣੀ ਨਿੱਜੀ ਜਾਣਕਾਰੀ ਨੂੰ ਅੱਪਡੇਟ ਕਰੋ ਜਾਂ CRA ਨੂੰ ਕਾਲ ਕਰੋ।

## ਹੋਰ ਜਾਣਕਾਰੀ ਚਾਹੀਦੀ ਹੈ?

### ਔਨਲਾਈਨ

- ਨਵੇਂ ਆਏ ਲੋਕਾਂ ਲਈ ਜਾਣਕਾਰੀ: **canada.ca/taxes-newcomers**
- ਬਾਲ ਅਤੇ ਪਰਿਵਾਰ ਲਈ ਬੈਨਿਫਿਟ: **canada.ca/child-family-benefits**
- ਆਪਣੇ ਟੈਕਸਾਂ ਦੇ ਕਾਗਜ਼ਾਤ ਭਰਨ ਲਈ ਤਿਆਰੀ ਕਰੋ: **canada.ca/taxes-get-ready**
- CRA ਫਾਰਮ ਅਤੇ ਪ੍ਰਕਾਸ਼ਨ: **canada.ca/cra-forms**

### ਫੋਨ ਦੁਆਰਾ

- ਬੈਨਿਫਿਟਸ ਬਾਰੇ ਪੁੱਛਣ ਲਈ: **1-800-387-1193**
- ਆਮ ਪ੍ਰਸ਼ਨਾਂ ਅਤੇ ਫਾਰਮ ਪ੍ਰਾਪਤ ਕਰਨ ਲਈ: **1-800-959-8281**
- ਸਰਵਿਸ ਕੈਨੇਡਾ (ਸੋਸ਼ਲ ਇਨਸ਼ੋਰੈਂਸ ਨੰਬਰ): **1-800-206-7218**

RC629-22 (PU)

* ਤੱਥਸ਼ੀਟਾਂ ਦੇ ਅਧਿਕਾਰਤ ਸੰਸਕਰਣ ਅੰਗਰੇਜ਼ੀ ਅਤੇ ਫ੍ਰੈਂਚ ਵਿੱਚ ਹਨ। ਪੰਜਾਬੀ ਵਿੱਚ ਅਨੁਵਾਦ ਕਰਨ ਦੀਆਂ ਬਰੀਕੀਆਂ ਦੇ ਕਾਰਨ, ਹਲਕੇ ਫਰਕ ਹੋ ਸਕਦੇ ਹਨ।